# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:20**

**ਮਿਤੀ : 27-07-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ 21ਵੀਂ ਸਦੀ ਦੇ ਭਾਰਤ ਵਿਚ ਵਿਗਿਆਨ ਨਵੀਂ ਊਰਜਾ ਨਾਲ ਅੱਗੇ ਵਧ ਰਿਹਾ ਏ। ਅੱਜ ਆਲ ਇੰਡੀਆ ਰੇਡੀਓ 'ਤੇ ਆਪਣੇ ਪ੍ਰੋਗਰਾਮ **ਮਨ ਕੀ ਬਾਤ** ਵਿਚ ਉਨ੍ਹਾਂ ਕਿਹਾ ਕਿ ਸ਼ੁਭਾਂਸ਼ੂ ਸ਼ੁਕਲਾ ਦੀ ਪੁਲਾੜ ਤੋਂ ਸੁਰੱਖਿਅਤ ਵਾਪਸੀ ਨੇ ਦੇਸ਼ ਨੂੰ ਮਾਣ ਨਾਲ ਭਰ ਦਿੱਤਾ ਏ। ਸ਼੍ਰੀ ਮੋਦੀ ਨੇ ਕਿਹਾ ਕਿ ਅਗਸਤ 2023 ਵਿਚ ਚੰਦਰਯਾਨ-3 ਦੀ ਸਫਲ ਲੈਂਡਿੰਗ ਨੇ ਦੇਸ਼ ਵਿਚ ਨਵਾਂ ਮਾਹੌਲ ਬਣਾਇਆ ਏ ਅਤੇ ਬੱਚਿਆਂ ਵਿਚ ਪੁਲਾੜ ਵਿਗਿਆਨੀ ਬਣਨ ਦੀ ਉਤਸੁਕਤਾ ਪੈਦਾ ਕੀਤੀ ਏ। ਪ੍ਰਧਾਨ ਮੰਤਰੀ ਨੇ ਕਿਹਾ ਕਿ ਬੱਚਿਆਂ ਵਿਚ ਨਵੀਨਤਾ ਨੂੰ ਉਤਸ਼ਾਹਤ ਕਰਨ ਲਈ ਸ਼ੁਰੂ ਕੀਤੀ ਗਈ ਇੰਸਪਾਇਰ-ਮਾਣਕ ਮੁਹਿੰਮ ਤਹਿਤ ਹਰੇਕ ਸਕੂਲ ਵਿੱਚੋਂ ਪੰਜ ਬੱਚਿਆਂ ਦੀ ਚੋਣ ਕੀਤੀ ਜਾਂਦੀ ਹੈ ਤੇ ਹਰੇਕ ਬੱਚਾ ਨਵਾਂ ਵਿਚਾਰ ਲੈ ਕੇ ਆਉਂਦਾ ਏ। ਪ੍ਰਧਾਨ ਮੰਤਰੀ ਨੇ ਖੁਸ਼ੀ ਪ੍ਰਗਟ ਕੀਤੀ ਕਿ ਹੁਣ ਤੱਕ ਲੱਖਾਂ ਬੱਚੇ ਇਸ ਮੁਹਿੰਮ ਵਿਚ ਸ਼ਾਮਲ ਹੋ ਚੁੱਕੇ ਨੇ। ਉਨ੍ਹਾਂ ਕਿਹਾ ਕਿ ਪੰਜ ਸਾਲ ਪਹਿਲਾਂ ਦੇਸ਼ ਵਿਚ 50 ਤੋਂ ਵੀ ਘੱਟ

ਪੁਲਾੜ ਨਾਲ ਸਬੰਧਤ ਸਟਾਰਟ-ਅੱਪ ਸਨ ਜੋ ਕਿ ਹੁਣ ਵੱਧ ਕੇ 200 ਤੋਂ ਵੱਧ ਹੋ ਗਏ ਨੇ।

-------------------------------------------------------

ਪੰਜਾਬ ਵਿਚ ਅੱਜ ਕਈ ਪਿੰਡਾਂ ਵਿਚ ਪੰਚਾਇਤੀ ਜਿਮਨੀ ਚੋਣਾਂ ਹੋ ਰਹੀਆਂ ਨੇ। ਇਹ ਚੋਣਾਂ ਸੂਬਾਈ ਚੋਣ ਕਮਿਸ਼ਨ ਪੰਜਾਬ ਦੇ ਹੁਕਮਾਂ ਅਨੁਸਾਰ ਸਰਪੰਚ ਤੇ ਪੰਚ ਦੀਆਂ ਖਾਲੀ ਸੀਟਾਂ ਨੂੰ ਭਰਨ ਲਈ ਕਰਵਾਈਆਂ ਜਾ ਰਹੀਆਂ ਨੇ। ਵੋਟਾਂ ਪੈਣ ਦਾ ਅਮਲ ਸਵੇਰੇ 8:00 ਵਜੇ ਤੋਂ ਸ਼ੁਰੂ ਹੋਇਆ ਤੇ ਸ਼ਾਮ 4:00 ਵਜੇ ਤੱਕ ਜਾਰੀ ਰਹੇਗਾ। ਅਜਨਾਲਾ ਬਲਾਕ ਦੇ 4 ਪਿੰਡ ਵੀ ਜਿਮਨੀ ਚੋਣਾਂ ਦਾ ਹਿੱਸਾ ਨੇ। ਚੱਕ ਫੂਲਾ ਅਤੇ ਡਿਆਲ ਭੱਟੀ ਪਿੰਡਾਂ ਵਿਚ ਸਮੁੱਚੀ ਪੰਚਾਇਤ ਲਈ ਚੋਣ ਹੋ ਰਹੀ ਏ ਜਦਕਿ ਡੱਬਰ ਬਸਤੀ ਵਿਚ ਸਰਪੰਚੀਲਈ ਤੇ ਵੱਡਾ ਚੱਕ ਡੋਗਰਾਂ ਦੀਆਂ ਦੋ ਵਾਰਡਾਂ ਵਿਚ ਪੰਚਾਂ ਦੀ ਚੋਣ ਲਈ ਵੋਟਾਂ ਪੈ ਰਹੀਆਂ ਨੇ।

-------------------------------------------------------

ਇਵੇਂ ਹੀ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਬਲਾਕਾਂ ਵਿਚ 6 ਸਰਪੰਚਾਂ ਤੇ 26 ਪੰਚਾਂ ਦੀ ਜਿਮਨੀ ਚੋਣ ਕਰਵਾਉਣ ਲਈ ਵੋਟਾਂ ਪਾਈਆਂ ਜਾ ਰਹੀਆਂ ਨੇ। ਸਾਡੀ ਟੀਮ ਨੇ ਡੇਰਾ ਬਾਬਾ ਨਾਨਕ ਦੀਨਾਨਗਰ ਹਲਕੇ ਦੇ ਪਿੰਡਾਂ ਵਿਚ ਜਾ ਕੇ ਦੇਖਿਆ ਕਿ ਸਵੇਰ ਤੋਂ ਹੀ ਵੋਟਰਾਂ ਦੀਆਂ ਲੰਮੀਆਂ ਕਤਾਰਾਂ ਲੱਗੀਆਂ ਹੋਈਆਂ ਸਨ।

---

ਇਵੇਂ ਹੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਜਿੱਥੇ ਕਿ 34 ਪੰਚ ਚੁਣਨ ਲਈ ਜਿਮਨੀ ਚੋਣ ਕਰਵਾਈ ਜਾਣੀ ਸੀ, ਇਥੇ ਸਿਰਫ਼ ਇਕ ਪਿੰਡ ਵਿਚ ਪੰਚ ਦੀ ਚੋਣ ਲਈ ਪੋਲਿੰਗ ਹੋ ਰਹੀ ਏ। ਦਰਅਸਲ, ਇੱਥੇ 30 ਪੰਚ ਸਰਬਸੰਮਤੀ ਨਾਲ ਚੁਣੇ ਗਏ ਨੇ। ਤਿੰਨ ਪੰਚਾਂ ਦੀ ਚੋਣ ਲਈ ਕਿਸੇ ਨੇ ਵੀ ਨਾਮਜ਼ਦਗੀ-ਪੱਤਰ ਦਾਖਲ ਨਹੀਂ ਕਰਵਾਏ ਸਨ।

---

ਪੰਜਾਬ ਪੁਲਿਸ ਨੇ ਅੱਜ ਅੰਮ੍ਰਿਤਸਰ ਵਿਚ ਕੀਤੀ ਕਾਰਵਾਈ ਦੌਰਾਨ ਸਰਹੱਦ ਪਾਰ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕਰਦੇ ਹੋਏ ਆਧੁਨਿਕ ਹਥਿਆਰ ਤੇ ਨਸ਼ੀਲੇ ਪਦਾਰਥ ਬਰਾਮਦ ਕਰ ਕੇ 5 ਜਣਿਆਂ ਨੂੰ ਗ੍ਰਿਫਤਾਰ ਕੀਤਾ ਏ। ਪਾਕਿਸਤਾਨ ਦੇ ਆਈਐੱਸਆਈ ਸਮਰਥਿਤ ਹੈਂਡਲਰਾਂ ਵੱਲੋਂ ਸੰਚਾਲਤ ਇਸ ਨੈੱਟਵਰਕ ਨੂੰ ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਨਾਲ ਸਾਂਝੇ ਆਪ੍ਰੇਸ਼ਨ ਵਿਚ ਬੇਨਕਾਬ ਕੀਤਾ ਏ। ਪੰਜਾਬ ਪੁਲਿਸ ਦੇ ਮੁਖੀ ਗੌਰਵ ਯਾਦਵ ਨੇ ਦੱਸਿਆ ਏ ਕਿ ਇਸ ਕਾਰਵਾਈ ਦੌਰਾਨ ਇਕ ਏਕੇ ਸੈਗਾ 308 ਅਸਾਲਟ ਰਾਈਫਲ, ਮੈਗਜ਼ੀਨਾਂ ਵਾਲੀਆਂ 2 ਪਿਸਤੌਲਾਂ, 100 ਜ਼ਿੰਦਾ ਕਾਰਤੂਸ, 7.50 ਲੱਖ ਰੁਪਏ ਦੀ ਨਗਦੀ, ਇਕ ਕਾਰ ਅਤੇ ਮੋਬਾਈਲ ਫੋਨ ਜ਼ਬਤ ਕੀਤੇ ਗਏ ਨੇ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਏ ਕਿ ਮੁਲਜ਼ਮਾਂ ਦਾ ਸਿੱਧਾ

ਸੰਪਰਕ ਪਾਕਿਸਤਾਨ ਸਥਿਤ ਆਈਐੱਸਆਈ ਕਾਰਕੁਨਾਂ ਨਾਲ ਸੀ। ਇਨ੍ਹਾਂ ਗ੍ਰਿਫ਼ਤਾਰੀਆਂ ਤੇ ਬਰਾਦਗੀ ਤੋਂ ਵੱਡੇ ਅੱਤਵਾਦੀ-ਗੈਂਗਸਟਰ ਗਠਜੋੜ ਦਾ ਸੰਕੇਤ ਮਿਲਦਾ ਏ।

-----------------------------------------------------------

ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੱਲ੍ਹ ਪਟਿਆਲਾ ਜ਼ਿਲ੍ਹੇ ਵਿਚ ਇਕ ਪ੍ਰੋਗਰਾਮ ਦੌਰਾਨ ਸਰਕਾਰੀ ਸਕੂਲਾਂ ਦੇ ਮੁਖੀਆਂ ਤੇ ਅਧਿਆਪਕਾਂ ਨਾਲ ਸੰਵਾਦ ਕੀਤਾ। ਇਸ ਸੰਵਾਦ ਪ੍ਰੋਗਰਾਮ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਆਧੁਨਿਕ ਸਿੱਖਿਆ ਪ੍ਰਣਾਲੀ ਨਾਲ ਜੋੜਨ ਲਈ ਤੀਜਾ ਬੈਚ ਜਲਦੀ ਫਿਨਲੈਂਡ ਭੇਜਿਆ ਜਾਵੇਗਾ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਖਿਆ ਕਿ ਪਿਛਲੀਆਂ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਕਰ ਕੇ ਸਿੱਖਿਆ ਵਿਭਾਗ ਰੁਲ ਗਿਆ ਸੀ। ਜਦਕਿ ਮੌਜੂਦਾ ਸਮੇਂ ਸੂਬੇ ਦੇ ਸਕੂਲੀ ਸਿੱਖਿਆ ਢਾਂਚੇ ਨੂੰ ਦੇਸ਼ ਵਿਚ ਨੰਬਰ ਇਕ ਬਣਾਉਣ ਦਾ ਸਿਹਰਾ ਅਧਿਆਪਕਾਂ ਦੀ ਮਿਹਨਤ ਤੇ ਇਸ ਬਾਰੇ ਪ੍ਰਾਪਤ ਹੋਈ ਫੀਡਬੈਕ ਨੂੰ ਜਾਂਦਾ ਏ। ਉਨ੍ਹਾਂ ਆਪਣੀ ਈਮੇਲ ਆਈ.ਡੀ. ਸਾਂਝੀ ਕਰਦਿਆਂ ਕਿਹਾ ਕਿ ਜੇ ਕੋਈ ਅਧਿਆਪਕ ਇਸ ਪ੍ਰੋਗਰਾਮ ਵਿਚ ਬੋਲ ਕੇ ਨਹੀਂ ਦੱਸ ਸਕਦਾ ਤਾਂ ਉਹ ਈਮੇਲ ਵੀ ਕਰ ਸਕਦਾ ਏ।

---------------------------------------------------

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਦੱਸਿਆ ਏ ਕਿ ਸੂਬਾ ਸਰਕਾਰ ਨੇ ਰਜਿਸਟ੍ਰੇਸ਼ਨ ਸਰਟੀਫਿਕੇਟ ਤੇ ਡਰਾਈਵਿੰਗ ਲਾਇਸੈਂਸ ਸਮੇਤ ਟਰਾਂਸਪੋਰਟ ਵਿਭਾਗ ਦੀਆਂ 30 ਸੇਵਾਵਾਂ ਨੂੰ ਸੇਵਾ ਕੇਂਦਰਾਂ ਤੇ ਘਰਾਂ ਤੱਕ ਪਹੁੰਚਾਉਣ ਲਈ ਪ੍ਰਬੰਧ ਕੀਤੇ ਗਏ ਨੇ। ਕੈਬਨਿਟ ਮੰਤਰੀ ਅਰੋੜਾ ਨੇ ਚੰਡੀਗੜ੍ਹ ਵਿਚ ਡਿਪਟੀ ਕਮਿਸ਼ਨਰਾਂ ਨਾਲ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੇਵਾ ਕੇਂਦਰਾਂ ਅਤੇ ਘਰਾਂ ਤੱਕ ਸੇਵਾਵਾਂ ਪੁੱਜਦੀਆਂ ਕਰਨ ਸਬੰਧੀ ਹੁਣ ਤੱਕ ਕੀਤੇ ਗਏ ਕੰਮਾਂ ਦੀ ਪੜਚੋਲ ਕੀਤੀ। ਉਨ੍ਹਾਂ ਦੱਸਿਆ ਕਿ ਲੋਕ ਹੈਲਪਲਾਈਨ ਨੰਬਰ 1076 ‘ਤੇ ਕਾਲ ਕਰ ਕੇ ਘਰ ਬੈਠੇ ਇਹ ਸੇਵਾਵਾਂ ਲੈ ਸਕਦੇ ਨੇ। ਇਸ ਦੌਰਾਨ ਅਧਿਕਾਰੀਆਂ ਨੇ ਮੰਤਰੀ ਨੂੰ ਕੰਮਾਂ ਵਿਚ ਪ੍ਰਗਤੀ ਬਾਰੇ ਦੱਸਿਆ।